**ਹਰਪਾਲ ਸਿੰਘ ਪੰਨੂ**



# ਝੂਠ ਸੱਚ

**ਆਪਣੇ** ਬੇਟੇ ਨੂੰ ਮੈਂ ਪੁਛਿਆ, "ਪਤਾ ਹੋਣ ਦੇ ਬਾਵਜੂਦ ਕਿ ਸੁਣਾਇਆ ਜਾ ਰਿਹਾ ਮਜ਼ਾਕ ਗੱਪ ਹੈ, ਆਪਾਂ ਹੱਸਦੇ ਕਿਉਂ ਹਾਂ ?" ਉਸਨੇ ਕਿਹਾ- ਮਜ਼ਾਕ ਗੱਪ ਨਹੀਂ ਹੁੰਦਾ। ਹੈ ਇਹ ਵੀ ਸੱਚ ਪਰ ਇਸ ਨੂੰ ਪੁੱਠਾ ਲਟਕਾ ਦਿੱਤਾ ਹੈ। ਨਵੀਂ ਜਿਹੀ ਸ਼ਕਲ ਦੇਖ ਕੇ ਹੱਸ ਪੈਂਦੇ ਹਾਂ। ਜਿਵੇਂ ਬੱਸਾਂ ਵਿਚ ਕਿਤਾਬਾਂ ਵੇਚਣ ਵਾਲਾ ਤਸਵੀਰ ਦਿਖਾ ਕੇ ਕਹਿੰਦਾ ਹੈ-ਸਿਧਾ ਦੇਖੋ ਚਾਚਾ। ਪੁੱਠੀ ਦੇਖੋ ਚਾਚੀ। ਪੁੱਠਾ ਲਟਕਿਆ ਸੱਚ, ਚਾਚੀ ਵਰਗਾ ਦਿਸਦਾ ਹੈ।

ਮਨਮੋਹਨ ਬਾਵਾ ਲੋਹੇ ਦੇ ਪਰਦੇ ਤੋਂ ਪਾਰ ਦੇਖ ਸਕਣ ਵਾਲਾ ਉਸਤਾਦ ਹੈ। ਵਿਆਸ ਵਾਂਗ ਨਹੀਂ, ***ਮਹਾਂਭਾਰਤ*** ਦਾ ਆਖਰੀ ਸੱਚ ਉਹ ਵੱਖਰੀ ਤਰਾਂ ਦੇਖਦਾ ਹੈ- "ਆਤਮ ਹੱਤਿਆ ਕਰਨ ਲਈ ਦਰੋਪਤੀ ਸਮੇਤ ਪਾਂਡਵਾਂ ਨੇ ਹਿਮਾਲਾ ਉਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਦਰੋਪਤੀ ਦਾ ਬਰਫ ਉਪਰੋਂ ਪੈਰ ਫਿਸਲਿਆ। ਉਸ ਨੇ ਚਟਾਨ ਉਪਰ ਡਿੱਗ ਕੇ ਗਹਿਰੀ ਸੱਟ ਖਾਧੀ। ਬਾਕੀ ਅੱਗੇ ਦੂਰ ਲੰਘ ਗਏ ਸਨ, ਭੀਮ ਨੇੜੇ ਸੀ। ਤੇਜ਼ੀ ਨਾਲ ਹੇਠਾਂ ਉਤਰ ਕੇ ਦਰੋਪਤੀ ਦਾ ਸਿਰ ਆਪਣੀ ਗੋਦ ਵਿਚ ਰੱਖ ਕੇ ਉਸਨੇ ਕਿਹਾ- ਤੂੰ ਜਾਣ ਲੱਗੀ ਹੈ, ਪਾਂਚਾਲੀ। ਕੋਈ ਆਖਰੀ ਇੱਛਾ ? ਦਰੋਪਤੀ ਨੇ ਕਿਹਾ- ਤੂੰ ਕਿਹੜਾ ਭਗਵਾਨ ਹੈਂ ਜੋ ਆਖਰੀ ਇਛਾ ਪੂਰੀ ਕਰੇਂ ? ਭੀਮ ਨੇ ਕਿਹਾ- ਪ੍ਰਾਰਥਨਾ ਕਰਾਂਗਾ। ਦਰੋਪਤੀ ਨੇ ਇਹ ਕਹਿ ਕੇ ਅੱਖਾਂ ਬੰਦ ਕਰ ਲਈਆਂ- "ਮੇਰੀ ਅੰਤਮ ਇੱਛਾ ਹੈ ਤੂੰ ਤੇ ਮੈਂ ਫੇਰ ਇਕ ਵਾਰ ਧਰਤੀ ਤੇ ਆਈਏ ਪਰ ਸਾਡਾ ਰਿਸ਼ਤਾ ਭੈਣ ਭਰਾ ਵਾਲਾ ਹੋਵੇ। ਪਤੀ ਪਤਨੀ ਦਾ ਨਹੀਂ। ਜਦੋਂ ਕੌਰਵ ਨੰਗੀ ਕਰਨ ਲੱਗੇ ਸਨ, ਤੂੰ ਭਰਾ ਹੁੰਦਾ ਤਾਂ ਮਰਦਾ ਜਾਂ ਮਾਰਦਾ। ਚੁਪ ਚਾਪ ਪਾਂਡਵ ਪੁੱਤਰ ਤਮਾਸ਼ਾ ਦੇਖਦੇ ਰਹੇ ਕਿਉਂਕਿ ਰਿਸ਼ਤੇ ਦਾ ਫਰਕ ਸੀ।"

ਵਿਰਲਾਪ ਕਰਦਿਆਂ ਗਾਂਧਾਰੀ ਨੇ ਕ੍ਰਿਸ਼ਨ ਨੂੰ ਕਿਹਾ- ਤੂੰ ਮੇਰੇ ਬੇਟਿਆਂ ਦਾ ਕਾਤਲ ਹੈਂ। ਤੂੰ ਅਨਿਆਈ ਮੌਤ ਮਰੇਂਗਾ। ਕਿਉਂ ਕਰਵਾਏ ਤੂੰ ਮੇਰੇ ਸੌ ਪੁੱਤਰ ਕਤਲ ? ਭਗਵਾਨ ਨੇ ਕਿਹਾ- ਦੁਖੀ ਮਾਂ ਦੇ ਦਿਲ ਵਿਚੋਂ ਨਿਕਲਿਆ ਸਰਾਪ ਈਸ਼ਵਰ ਵੀ ਭੁਗਤੇਗਾ। ਤੈਨੂੰ ਇਹ ਦੱਸਣਾ ਮੇਰਾ ਫਰਜ਼ ਹੈ ਗਾਂਧਾਰੀ ਮਾਂ ਕਿ ਸੌ ਨਹੀਂ, ਉੱਥੇ ਲੱਖਾਂ ਮਰੇ। ਜਿਹੜੇ ਲੱਖਾਂ ਮਰੇ, ਉਹ ਕਿਹੜਾ ਬੇਗਾਨੇ ਸਨ ਕੋਈ ? ਉਹ ਮੈਂ ਹੀ ਤਾਂ ਸੀ ਜਿਹੜਾ ਲੱਖਾਂ ਵਾਰ ਮਰਿਆ। ਇਹ ਮੇਰਾ ਸੁਭਾਅ ਹੈ ਕਿ ਕਦੀ ਇਕ ਤੋਂ ਅਨੇਕ ਹੋਵਾਂ ਤੇ ਕਈ ਅਨੰਤ ਵਾਰ ਆਤਮ ਹੱਤਿਆ ਕਰਕੇ ਇਕ ਹੋ ਜਾਵਾਂ। ਇਹ ਮੇਰਾ ਸਰਬਕਾਲੀ ਵਿਧਾਨ ਹੈ ਗਾਂਧਾਰੀ ਮਾਂ।

ਜਾਪਾਨੀ ਸ਼ਾਇਰ ਓਕਾਕੁਰਾ ਲਿਖਦਾ ਹੈ- ਧਰਮ ਗ੍ਰੰਥ ਪੜ੍ਹਦਿਆਂ ਜੁਆਨ ਉਮਰੇ ਮੈਂ ਖਿਝ ਜਾਂਦਾ ਕਿ ਬਾਬੇ ਆਪਾ ਵਿਰੋਧੀ ਗੱਲਾਂ ਲਿਖ ਗਏ। ਇਥੇ ਜੋ ਲਿਖਿਆ, ਥੋੜਾ ਅੱਗੇ ਉਸ ਤੋਂ ਉਲਟ ਲਿਖ ਦਿੱਤਾ। ਹੁਣ ਸਮਝ ਲੱਗੀ ਹੈ। ਅਜਿਹਾ ਉਹਨਾਂ ਨੇ ਇਸ ਲਈ ਕੀਤਾ ਕਿਉਂਕਿ ਉਹ ਪੂਰਨ ਸੱਚ ਦਿਖਾਉਣਾ ਚਾਹੁੰਦੇ ਸਨ, ਅੱਧਾ ਅਧੂਰਾ ਨਹੀਂ।

'ਈਸ਼ਵਰ' ਸ਼ਬਦ ਸਿਧਾਰਥ ਨੂੰ ਚੰਗਾ ਨਹੀਂ ਲਗਦਾ ਸੀ। ਇਸ ਦੀ ਥਾਂ ਉਸਨੇ 'ਸੱਚ' ਸ਼ਬਦ ਦੀ ਵਰਤੋਂ ਕੀਤੀ। ਸਿਧਾਰਥ ਦਾ ਬਾਰ ਬਾਰ ਨਾਮ ਲੈਣਾ ਬੇਅਦਬੀ ਸਮਝ ਕੇ ਬੋਧ ਸੰਤ ਉਸ ਲਈ ਤਥਾਗਤ ਸ਼ਬਦ ਵਰਤਦੇ ਹਨ। ਤੱਥ ਮਾਇਨੇ ਸੱਚ, ਆਗਤ ਮਾਇਨੇ ਆਇਆ, ਆਗਮਨ, ਤਥਾਗਤ ਅਰਥਾਤ ਸੱਚ ਦਾ ਉਤਰਨਾ। ਬੋਧਵਾਕ ਹੈ- ਸੱਚ ਇਕ ਹੈ ਅਤੇ ਇਕੱਲਾ। ਉਹ ਹਾਰ ਸ਼ਿੰਗਾਰ ਨਹੀਂ ਕਰਦਾ। ਸੰਸਾਰ ਵਿਚ ਬਹੁਤ ਸਾਰੇ ਰੰਗ ਬਰੰਗੇ ਸੱਚ ਨਹੀਂ ਹਨ। ਜਦੋਂ ਉਸਨੇ ਪ੍ਰਗਟ ਹੋਣ ਦਾ ਫੈਸਲਾ ਕੀਤਾ ਤਾਂ ਮਿੱਟੀ ਗਾਰੇ ਅਤੇ ਚਿੱਕੜ ਵਿਚ ਲਿੱਬੜ ਕੇ ਏਨੀ ਰੋਸ਼ਨੀ ਛੱਡੀ ਕਿ ਸੂਰਜ ਖਿੜੇ। ਬ੍ਰਹਿਮੰਡ ਚਾਨਣ ਦੇ ਹੜ੍ਹ ਵਿਚ ਨਹਾਇਆ।

ਦੇਵਤਾ ਜੀਵਨ ਦੇਣ ਵਾਲੀ ਸ਼ਕਤੀ ਹੈ ਜਿਸ ਕਰਕੇ ਲੋਕ ਚਾਹ, ਦੁੱਧ ਪੀਣ ਤੋਂ ਪਹਿਲਾਂ ਉਂਗਲ ਨਾਲ ਇਕ ਦੋ ਬੂੰਦਾਂ ਪਹਿਲਾਂ ਉਸਦੇ ਨਮਿੱਤ ਧਰਤੀ ਉਪਰ ਸੁਟਦੇ ਹਨ। ਸੁਕਰਾਤ ਸਾਹਮਣੇ ਜ਼ਹਿਰ ਦਾ ਪਿਆਲਾ ਰੱਖਿਆ ਤਾਂ ਉਸਨੇ ਯੂਨਾਨੀ ਦੇਵਤਿਆਂ ਦਾ ਨਾਮ ਲੈ ਕੇ ਕੁੱਝ ਬੂੰਦਾਂ ਧਰਤੀ ਤੇ ਸੁੱਟੀਆਂ। ਅੰਮ੍ਰਿਤ ਦੇਣਗੇ ਤਾਂ ਦੇਵਤੇ ਅਮਰ ਹੋਣਗੇ। ਜ਼ਹਿਰ ਦੇਣਗੇ ਫਿਰ ਇਸ ਵਿਚੋਂ ਹਿੱਸਾ ਵੰਡਾਣ। ਪੀਣ ਤੋਂ ਪਹਿਲਾਂ ਸੁਕਰਾਤ ਨੇ ਕਿਹਾ- "ਸੁਕਰਾਤ ਦਾ ਕੀ ਹੈ। ਰਹੇ ਨ ਰਹੇ, ਸੱਚ ਰਹੇਗਾ। ਪੂਰਾ ਪਿਆਲਾ ਛੱਕ ਕੇ ਸੁਕਰਾਤ ਅਮਰ ਹੋਇਆ। ਦੇਵਤੇ ਏਨੇ ਕਮਜ਼ੋਰ ਨਿਕਲੇ ਕਿ ਕੁਝ ਨਿਕੀਆਂ ਬੂੰਦਾਂ ਨਾਲ ਹੀ ਦਮ ਤੋੜ ਗਏ। ਸਭ ਪੁਰਾਤਨ ਯੂਨਾਨੀ ਦੇਵਤਿਆਂ ਦਾ ਸਦਾ ਲਈ ਭੋਗ ਪੈ ਗਿਆ।

ਮਹਾਰਾਣੀ ਜਯੰਤੀ ਨੇ ਭਗਵਾਨ ਮਹਾਂਵੀਰ ਨੂੰ ਪੁੱਛਿਆ- ਤੁਸੀਂ ਜੋ ਦਸਦੇ ਹੋ ਸੱਚ ਹੈ। ਇਸ ਨੂੰ ਜਿਹੜਾ ਅਪਣਾਏਗਾ ਮੁਕਤ ਹੋਏਗਾ, ਫਿਰ ਜਨਮ ਨਹੀਂ ਲਏਗਾ। ਜੇ ਸਾਰੇ ਮਨੁੱਖ ਇਸ ਨੂੰ ਅਪਣਾ ਲੈਣ ਤਦ ਕੀ ਮਨੁਖਤਾ ਦਾ ਬੀਜਨਾਸ ਨਹੀਂ ਹੋ ਜਾਇਗਾ ਭਗਵਾਨ ? ਮਹਾਂਵੀਰ ਜੀ ਨੇ ਕਿਹਾ- ਨਹੀਂ ਜਯੰਤੀ। ਅਜਿਹਾ ਨਹੀਂ ਹੁੰਦਾ ਰੁੱਖ ਹਰ ਸਾਲ ਕਰੋੜਾਂ ਬੀਜ ਪੈਦਾ ਕਰਦੇ ਹਨ। ਹਰੇਕ ਬੀਜ ਵਿਚ ਇਹ ਸ਼ਕਤੀ ਹੈ ਕਿ ਰੁੱਖ ਬਣ ਸਕੇ। ਪਰ ਸਾਰੇ ਬੀਜ ਰੁੱਖ ਨਹੀਂ ਬਣਦੇ। ਹਰੇਕ ਪੱਥਰ

ਵਿਚ ਮੂਰਤ ਮੌਜੂਦ ਹੈ। ਸਾਰੇ ਪੱਥਰ ਮੂਰਤੀਆਂ ਨਹੀਂ ਬਣਦੇ।

ਧਰਮ ਇਸ ਗੱਲ ਦਾ ਸਬੂਤ ਹੈ ਕਿ ਅਜੇ ਮਨੁੱਖ ਸਿੱਧਾ ਨਹੀਂ ਹੋਇਆ। ਧਰਮ ਉਸ ਅੰਦਰਲੇ ਜਾਨਵਰ ਨੂੰ ਸਿਧਾਣ ਵਾਸਤੇ ਬਣਾਇਆ ਗਿਆ ਚਾਬਕ ਹੈ। ਸਦੀਆਂ ਬੀਤਣ ਪਿਛੋਂ ਜਾਂ ਤਾਂ ਇਸ ਜਾਨਵਰ ਦੀ ਖੱਲ ਮੋਟੀ ਹੋ ਜਾਂਦੀ ਹੈ, ਜਾਂ ਚਾਬਕ ਜਰਜਰਾ ਹੋ ਜਾਂਦਾ ਹੈ। ਨਵਾਂ ਪੈਗੰਬਰ ਫੇਰ ਨਵਾਂ ਛਾਂਟਾ ਘੜਨ ਲਗਦਾ ਹੈ।

ਇਸ ਚਾਬਕ ਦੀ ਮਾਰ ਤੋਂ ਜੇ ਕੋਈ ਬਚ ਜਾਂਦਾ ਹੈ, ਉਹ ਕੇਵਲ ਪੁਜਾਰੀ ਹੈ। ਅਵੱਲ ਤੋਂ ਆਖਰ ਤਕ ਪੁੱਜਾਰੀ ਧਰਮ ਤੋਂ ਬਚ ਕੇ ਪਰੇ ਰਹਿੰਦਾ ਹੈ। ਜਦੋਂ ਸੱਚ ਬੋਲਣ ਦਾ ਸਮਾਂ ਆਏ, ਉਹ ਧਰਮ ਗ੍ਰੰਥ ਵਿਚਲੀਆਂ ਟੂਕਾਂ ਸੁਣਾਉਂਦਾ ਹੈ ਕਿਉਂਕਿ ਇਹ ਕੰਮ ਖਤਰਨਾਕ ਨਹੀਂ। ਪੁਜਾਰੀ ਸਿਆਣਾ ਹੈ। ਸੱਚ ਬੋਲਣ ਦਾ ਕੰਮ ਉਹ ਹੋਰਾਂ ਲਈ ਛੱਡ ਕੇ ਖੁਦ ਦੇਸੀ ਘਿਉ ਸੇਵਨ ਕਰਦਾ ਹੈ। ਜਿਸ ਗੁਰੂ ਦੀ ਪੰਕਤੀ ਉਸਨੇ ਤੁਹਾਨੂੰ ਸੁਣਾਈ, ਉਸ ਦਾ ਰਚਣਹਾਰ ਤੱਤੀ ਤਵੀ ਉਪਰ ਬੈਠ ਕੇ ਸੱਚ ਬੋਲਣ ਦੀ ਸਜ਼ਾ ਹਾਸਲ ਕਰ ਚੁੱਕਾ ਹੈ। ਕਿਸੇ ਧਰਮ ਦੇ ਪੁਜਾਰੀ ਨੂੰ ਸਵਾਲ ਪੁੱਛੋ, ਸਿੱਧਾ ਉੱਤਰ ਕਦੀ ਨਹੀਂ ਦਏਗਾ, ***ਕੁਰਾਨ*** ਦੀ ਆਇਤ, ***ਗੀਤਾ*** ਦਾ ਸਲੋਕ ਸੁਣਾਏਗਾ ਤੇ ਅਜਿਹਾ ਕਰਨ ਦੀ ਫੀਸ ਵਸੂਲ ਕਰੇਗਾ। ਧਰਮ ਗ੍ਰੰਥਾਂ ਦਾ ਖੁਦ ਪਾਠ ਕਰਨ ਦੇ ਸਮਰੱਥ ਲੋਕ ਵੀ ਪੁਜਾਰੀਆਂ ਤੋਂ ਪਾਠ ਕਿਉਂ ਕਰਵਾਉਂਦੇ ਹਨ? ਸ਼ਾਇਦ ਉਸੇ ਤਰਾਂ ਜਿਵੇਂ ਵਿਹਲੀਆਂ ਔਰਤਾਂ ਝਾੜੂ ਪੋਚਾ ਖੁਦ ਲਾਉਣ ਦੀ ਥਾਂ 'ਮਾਈ' ਰੱਖ ਲੈਂਦੀਆਂ ਹਨ। ਜਿਵੇਂ ਹੱਟੇ ਕੱਟੇ ਪੰਜਾਬ ਦੇ ਜੱਟ ਮੁੰਡੇ ਖੇਤੀ 'ਕਰਦੇ ਨਹੀਂ 'ਕਰਵਾਉਂਦੇ' ਹਨ। ਉਹਨਾਂ ਦੀਆਂ ਮਾਵਾਂ ਦੁਖੀ ਹੋ ਕੇ ਨਹੀਂ, ਖੁਸ਼ ਹੋ ਕੇ ਦਸਦੀਆਂ ਹਨ, 'ਕਾਕਾ ਖੇਤੀ ਕਰਵਾਂਦੈ।'

ਵਿਗੜੇ ਧਰਮ ਪ੍ਰਬੰਧ ਨੂੰ ਵਿਚਾਰਦਿਆਂ ਇਕ ਦਿਨ ਮੈਂ ਨਾਗਸੈਨ ਨੂੰ ਕਿਹਾ– ਆਖਰ ਤਾਂ ਸੱਚ ਦੀ ਜਿੱਤ ਹੋਏਗੀ ਨਾਗਸੈਨ? ਉਹ ਹੱਸ ਪਿਆ, ਬੋਲਿਆ–ਇਹ ਜਿਹੜੇ ਜਿੱਤ ਤੇ ਹਾਰ ਆਦਿਕ ਸ਼ਬਦ ਹਨ ਨਾ, ਸੱਚ ਦਾ ਇਹਨਾਂ ਨਾਲ ਕੋਈ ਸਬੰਧ ਨਹੀਂ। ਜਿਤਣਾ ਜਾਂ ਹਾਰਨਾ ਬੰਦੇ ਦਾ ਖੇਤਰ ਹੈ। ਜਿਹੜਾ ਜਿੱਤ ਜਾਏ ਲੋਕ ਉਸ ਨੂੰ ਸੱਚਾ ਕਹਿ ਦਿੰਦੇ ਹਨ। ਭਾਵੇਂ ਕੰਜਰ ਹੋਵੇ।

## ਗੁਰਾਂ ਨਾਲ

*300 ਸਾਲ ਗੁਰਾਂ ਦੇ ਨਾਲ*
*ਧੂੜਾ ਮਸਤਕ ਤੇ ਲਾਵਾਂ*
*ਬੜੇ ਪਿਆਰੇ ਸਤਿਕਾਰ ਦੇ ਨਾਲ।*
*ਭੁੱਲਾ ਆਪਣੀਆਂ ਬਖਸ਼ਾਵਾਂ*
*ਤੁਹਾਡੇ ਦਰ ਤੇ ਆਕੇ ਬਾਰ-ਬਾਰ*
*300 ਸਾਲ ਗੁਰਾਂ ਦੇ ਨਾਲ।*
*ਅਮਨ-ਸ਼ਾਂਤੀ ਭਾਈਚਾਰਾ ਨੂੰ ਵਧਾਵਾਂ*
*ਸਭ ਨੂੰ ਹਿੱਕ ਨਾਲ ਲਾਵਾਂ*
*ਸਾਂਝੀਵਾਲਤਾ ਦਾ ਦੌਰ ਚਲਾਵਾਂ*
*ਗੁਰਾਂ ਤੋਂ ਅਸ਼ੀਰਵਾਦ ਨਾਲ*
*300 ਸਾਲ ਗੁਰਾਂ ਦੇ ਨਾਲ।*

*ਕੰਵਰ ਕੌਰ*

## ਗੁਰਸਿੱਖ ਦੀ ਪੁੱਛ



*ਕਿਸੇ ਗੁਰੂ ਦੇ ਸਿੱਖ ਨੇ ਪੁੱਛਿਆ ਸੀ,*
*ਤੇਰੀ ਜੱਗ ਉੱਤੇ ਉਚੀ ਸ਼ਾਨ ਕਿਉਂ ਏ।*
*ਦੁਨੀਆਂ ਦੁਨੀਆਂ ਦੇ ਵਿਚ ਰਲ ਜਾਂਦੀ ਏ,*
*ਤੇਰੀ ਲੱਖਾਂ ਦੇ ਵਿਚ ਪਛਾਣ ਕਿਉਂ ਏ।*
*ਲੋਕੀ ਜ਼ੁਲਮ ਨੂੰ ਵੇਖ ਕੇ ਹੋਣ ਪਾਸੇ,*
*ਤੇਰੀ ਤੇਗ ਨੂੰ ਚੜ੍ਹਦੀ ਪਾਣ ਕਿਉਂ ਏ।*
*ਤੇਰੇ ਨੈਣਾਂ ਦੇ ਉੱਤੇ ਕਿਉਂ ਆਏ ਲਾਲੀ,*
*ਤੈਨੂੰ ਡਉਲਿਆਂ ਦੇ ਉੱਤੇ ਮਾਣ ਕਿਉਂ ਏ।*
*ਆਪਾ ਵਾਰ ਕੇ ਕਿਸੇ ਦਾ ਭਲਾ ਕਰਨਾ,*
*ਏਡੀ ਗੱਲ ਏ ਤੈਨੂੰ ਆਸਾਨ ਕਿਉਂ ਏ।*
*ਮੈਨੂੰ ਦੱਸ ਖਾਂ ਸੋਹਣੀ ਦਸਤਾਰ ਵਾਲੇ,*
*ਤੈਨੂੰ ਪੂਜਦਾ ਸਾਰਾ ਜਹਾਨ ਕਿਉਂ ਏ।*
*ਉਤਰ—ਕਿਹਾ ਸਿੱਖ ਨੇ ਸੁਣ ਲੈ ਗੱਲ ਸੱਜਣਾ,*
*ਐਵੇਂ ਜੱਗ ਤੇ ਨਹੀਂ ਉੱਚੀ ਸ਼ਾਨ ਸਾਡੀ।*
*ਅਸੀਂ ਦੇਸ਼ ਲਈ ਮਰਨਾ ਜਾਣਦੇ ਹਾਂ,*
*ਰਾਖੀ ਧਰਮ ਦੀ ਕਰੇ ਕਿਰਪਾਨ ਸਾਡੀ।*
*ਅਸੀਂ ਲਾਲ ਹਾਂ ਕਲਗੀ ਵਾਲੜੇ ਦੇ,*
*ਹੁੰਦੀ ਸ਼ਹੀਦੀ ਏ ਵਿਚ ਕਲਿਆਣ ਸਾਡੀ।*
*ਆਰੇ ਚਰਖੜੀ ਨਾਲ ਪਿਆਰ ਸਾਡਾ,*
*ਨਾਲ ਰੰਬੀਆਂ ਖੋਪੜੀ ਲਾਹੁਣ ਸਾਡੀ।*
*ਅਸੀਂ ਤੱਤੀਆਂ ਲੋਹਾਂ ਤੇ ਬਹਿ ਜਾਈਏ,*
*ਬੰਦ ਬੰਦ ਪਏ ਦੇਹੀ ਕਟਾਉਣ ਸਾਡੀ।*
*ਅਸੀਂ ਚੌਂਕਾਂ 'ਚ ਸੀਸ ਹਾਂ ਦੇਣ ਵਾਲੇ,*
*ਯਾਦਗਾਰ ਤਾਂ ਲੋਕ ਬਣਾਉਣ ਸਾਡੀ।*
*ਆਪਾ ਵਾਰਨਾ ਭਲਾ ਗੱਲ ਇਹ ਗੱਲ ਕਹਿੰਦੇ,*
*ਬੰਸ ਕੌਮ ਲਈ ਵਾਰਨਾ ਬਾਣ ਸਾਡੀ।*
*ਪ੍ਰੀਤਮ ਕਲਾ ਈ ਨਹੀਂ ਲਿਖਦਾ ਗੀਤ ਸਾਡੇ,*
*ਜਾਣੇ ਕਰਦਾ ਕੁੱਲ ਜਹਾਨ ਸਾਡੀ।*

**ਬਾਜਵਾ-ਪ੍ਰੀਤਮ ਸਿੰਘ 'ਪ੍ਰੇਮੀ'**